| | Present | Past | Future |
|---|---|---|---|
| **Indefinite** | **ਪਹਿਚਾਣ**: - ਵਾਕ ਦੇ ਅੰਤ ਵਿੱਚ ਦਾ ਹੈ, ਦੀ ਹੈ, ਦੇ ਹਨ, ਦੀਆਂ ਹਨ ਮਤਲਬ **subject** ਜੋ ਕੰਮ ਕਰਦਾ ਹੈ।<br>**Rule:** - He/she/it ਅਤੇ ਇਕ-ਵਚਨ ਨਾਲ verb ਦੇ ਨਾਲ s ਜਾਂ es ਦੀ ਵਰਤੋਂ ਲਾਜਮੀ ਹੈ। I/we ਅਤੇ ਬਹੁ-ਵਚਨ ਨਾਲ verb ਦੇ ਨਾਲ s ਜਾਂ es ਦੀ ਵਰਤੋ ਬਿਲਕੁਲ ਨਹੀ ਕਰਨੀ। verb ਦੀ ਹਮੇਸ਼ਾ ਪਹਿਲੀ Form ਦੀ ਹੀ ਵਰਤੋਂ ਹੋਵੇਗੀ।<br>**Subject + 1st form of verb (V1) +s/es + Predicate. In singular and he/ she/ it case.**<br>**For Neg:- S + Does + not + Verb + Predicate.**<br>**Subject + 1st form of verb (V1) + Predicate. In plural and I/we case.**<br>**For Neg. S + Do + not + Verb + Predicate.** | **ਪਹਿਚਾਣ**: - ਵਾਕ ਦੇ ਅੰਤ ਵਿੱਚ ਆ, ਏ, ਈ, ਸੀ, ਜਿਵੇਂ ਕੀਤੀ, ਕੀਤਾ ਮਤਲਬ **subject** ਨੇ ਜੋ ਕੀਤਾ।<br>**Rule:** - Subject ਦੀ ਕੋਈ ਸ਼ਰਤ ਨਹੀ ਹੈ ਪਰ verb ਦੀ second form(ਜੋ ਕੇਵਲ ਇਸੇ Tense ਵਿੱਚ ਵਰਤੀ ਜਾਂਦੀ ਹੈ) ਦੀ ਵਰਤੋਂ ਲਾਜਮੀ ਹੈ।<br>Subject + 2nd form of verb+ Predicate in all cases.<br>**For Negative Sentence:** - Verb ਦੀ ਹਮੇਸ਼ਾ ਪਹਿਲੀ Form ਦੀ ਅਤੇ did ਦੀ ਵਰਤੋ ਲਾਜ਼ਮੀ।<br>**S + did not + V1 + Predicate in all cases.**<br>**{Predicate = object + 2nd Object (If Any) + Object of Place + Object of Time.} | **ਪਹਿਚਾਣ**: - ਵਾਕ ਦੇ ਅੰਤ ਵਿੱਚ ਗਾ, ਗੇ, ਗੀ ਮਤਲਬ **subject** ਜੋ ਕੰਮ ਕਰੇਗਾ।<br>**Rule:** - ਕੁਝ ਸਮਾਂ ਪਹਿਲਾ I/we ਦੇ ਲਈ shall ਦਾ ਪ੍ਰਯੋਗ ਕੀਤਾ ਜਾਂਦਾ ਸੀ ਪਰ ਅੱਜਕਲ ਹਰ ਇੱਕ subject ਦੇ ਲਈ will ਦੀ ਹੀ ਵਰਤੋਂ ਕੀਤੀ ਜਾਂਦੀ ਹੈ।ਪਰ I/we ਦੇ ਲਈ shall ਦਾ ਪ੍ਰਯੋਗ ਕੀਤਾ ਜਾ ਸਕਦਾ ਹੈ।<br>**S + will + V1 + Predicate. For all cases.**<br>**For Neg:- S + Will + Not + Verb + Predicate.** |
| **Continuous** | **ਪਹਿਚਾਣ**: - ਵਾਕ ਦੇ ਅੰਤ ਵਿੱਚ ਰਿਹਾ ਹੈ, ਰਹੀ ਹੈ, ਰਹੇ ਹਨ, ਰਹੀਆਂ ਹਨ ਮਤਲਬ **subject** ਜੋ ਕੰਮ ਹੁਣ ਕਰ ਰਿਹਾ ਹੈ।<br>**Rule:** - ਇਕ-ਵਚਨ ਨਾਲ is ਅਤੇ ਬਹੁ-ਵਚਨ ਨਾਲ are ਅਤੇ am ਸਿਰਫ ਮੈਂ ਲਈ ਲੱਗਦਾ ਹੈ। Verb ਦੀ ਹਮੇਸ਼ਾ ਪਹਿਲੀ Form ਦੀ ਹੀ ਵਰਤੋਂ ਹੋਵੇਗੀ ਅਤੇ ਨਾਲ ing ਲੱਗੇਗਾ।<br>**Subject + is/are/am + 1st form of verb (V1) + ing + Predicate.** | **ਪਹਿਚਾਣ**: - ਵਾਕ ਦੇ ਅੰਤ ਵਿੱਚ ਰਿਹਾ ਸੀ, ਰਹੀ ਸੀ, ਰਹੇ ਸੀ, ਰਹੇ ਸਨ, ਰਹੀਆਂ ਸਨ ਲੱਗਾ ਹੋਵੇਗਾ ਮਤਲਬ **subject** ਜੋ ਕੰਮ ਕਰ ਰਿਹਾ ਸੀ।<br>**Rule:** - ਇਕ-ਵਚਨ ਨਾਲ was ਅਤੇ ਬਹੁ-ਵਚਨ ਨਾਲ were ਲੱਗਦਾ ਹੈ ਅਤੇ verb ਦੀ ਹਮੇਸ਼ਾ ਪਹਿਲੀ Form ਦੀ ਹੀ ਵਰਤੋਂ ਹੋਵੇਗੀ ਅਤੇ ਨਾਲ ing ਲੱਗੇਗਾ।<br>**Subject + was/were + 1st form of verb (V1) + ing + Predicate.** | **ਪਹਿਚਾਣ**: - ਵਾਕ ਦੇ ਅੰਤ ਵਿੱਚ ਰਿਹਾ ਹੋਵਾਂਗਾ, ਰਿਹਾ ਹੋਵੇਗਾ, ਰਹੀ ਹੋਵੇਗੀ, ਰਹੇ ਹੋਣਗੇ, ਰਹੀਆਂ ਹੋਣਗੀਆਂ ਲੱਗਾ ਹੋਵੇਗਾ ਮਤਲਬ **subject** ਜੋ ਕੰਮ ਕਰ ਰਿਹਾ ਹੋਵੇਗਾ।<br>**Rule:** - ਇਕ-ਵਚਨ, ਬਹੁ-ਵਚਨ ਅਤੇ ਕਿਸੇ ਵੀ **subject** ਨਾਲ will be ਹੀ ਲੱਗੇਗਾ ਹੈ ਅਤੇ verb ਦੀ ਹਮੇਸ਼ਾ ਪਹਿਲੀ Form ਦੀ ਹੀ ਵਰਤੋਂ ਹੋਵੇਗੀ ਅਤੇ ਨਾਲ ing ਲੱਗੇਗਾ।<br>**Subject + will be + 1st form of verb (V1) + ing + Predicate.** |
| **Perfect** | **ਪਹਿਚਾਣ**: - ਵਾਕ ਦੇ ਅੰਤ ਵਿੱਚ ਚੁੱਕਿਆ ਹੈ, ਚੁੱਕੀ ਹੈ, ਚੁੱਕੇ ਹਨ, ਚੁੱਕੀਆਂ ਹਨ ਜਾਂ ਅੰਤ ਵਿੱਚ ਲਿਆ ਹੈ, ਲਏ ਹਨ ਦੀ ਆਵਾਜ ਆਵੇਗੀ ਮਤਲਬ **subject** ਦਾ ਜ ਕੰਮ ਖਤਮ ਹੋ ਗਿਆ ਹੈ।<br>**Rule:** - ਇਸ ਵਿੱਚ I/we ਅਤੇ ਬਹੁ-ਵਚਨ ਨਾਲ have, He/she/it ਦੇ ਨਾਲ ਅਤੇ ਇੱਕ-ਵਚਨ ਨਾਲ has ਦੀ ਵਰਤੋਂ ਹੋਵੇਗੀ, verb ਦੀ ਹਮੇਸ਼ਾ ਤੀਜੀ Form ਦੀ ਹੀ ਵਰਤੋਂ ਹੋਵੇਗੀ।<br>**Subject + has/have + 3rd form of verb + Predicate.** | **ਪਹਿਚਾਣ**: - ਵਾਕ ਦੇ ਅੰਤ ਵਿੱਚ ਚੁੱਕਿਆ ਸੀ, ਚੁੱਕੀ ਸੀ, ਚੁੱਕੇ ਸਨ, ਚੁੱਕੀਆਂ ਸਨ ਜਾਂ ਅੰਤ ਵਿੱਚ ਲਿਆ ਸੀ, ਲਏ ਸਨ, ਦੀ ਆਵਾਜ ਆਵੇਗੀ ਮਤਲਬ **subject** ਦਾ ਜ ਕੰਮ ਖਤਮ ਕਰ ਲਿਆ ਸੀ।<br>**Rule:** - ਇਕ-ਵਚਨ, ਬਹੁ-ਵਚਨ ਅਤੇ ਕਿਸੇ ਵੀ **subject** ਨਾਲ had ਹੀ ਲੱਗੇਗਾ ਹੈ verb ਦੀ ਹਮੇਸ਼ਾ ਤੀਜੀ Form ਦੀ ਹੀ ਵਰਤੋਂ ਹੋਵੇਗੀ।<br>**Subject + had + 3rd form of verb + Predicate.** | **ਪਹਿਚਾਣ**: - ਵਾਕ ਦੇ ਅੰਤ ਵਿੱਚ ਚੁੱਕਿਆ ਹੋਵੇਗਾ, ਚੁੱਕੀ ਹੋਵੇਗੀ, ਚੁੱਕੇ ਹੋਣਗੇ, ਚੁੱਕੀਆਂ ਹੋਣਗੀਆ ਜਾਂ ਅੰਤ ਵਿੱਚ ਲਿਆ ਹੋਵੇਗਾ, ਲਏ ਹੋਣਗੇ, ਦੀ ਆਵਾਜ ਆਵੇਗੀ ਮਤਲਬ **subject** ਦਾ ਜ ਕੰਮ ਆਉਣ ਵਾਲੇ ਸਮੇ ਵਿੱਚ ਖਤਮ ਕਰ ਲਿਆ ਹੋਵੇਗਾ।<br>**Rule:** - ਇਕ-ਵਚਨ, ਬਹੁ-ਵਚਨ ਅਤੇ ਕਿਸੇ ਵੀ **subject** ਨਾਲ will have ਹੀ ਲੱਗੇਗਾ ਹੈ verb ਦੀ ਹਮੇਸ਼ਾ ਤੀਜੀ Form ਦੀ ਹੀ ਵਰਤੋਂ ਹੋਵੇਗੀ ।<br>**Subject + will have + 3rd form of verb + Predicate.** |
| **Per. Cont.** | **ਪਹਿਚਾਣ**: - ਇਸ ਵਿੱਚ ਵਾਕ ਦੇ ਪਿਛਲੇ ਕਿਸੇ ਸਮੇਂ ਤੋਂ ਸ਼ੁਰੂ ਹੋਣ ਦਾ ਪਤਾ ਲੱਗਦਾ ਹੈ ਜੋ ਹੁਣ ਵੀ ਚੱਲ ਰਿਹਾ ਹੈ। ਵਾਕ ਦੇ ਅੰਤ ਵਿੱਚ ਰਿਹਾ ਹੈ, ਰਹੀ ਹੈ, ਰਹੇ ਹਨ, ਰਹੀਆਂ ਹਨ ਮਤਲਬ **subject** ਜੋ ਕੰਮ ਦਿੱਤੇ ਹੋਏ ਸਮੇਂ ਤੋਂ ਹੁਣ ਵੀ ਕਰ ਰਿਹਾ ਹੈ।<br>**Rule:** - ਇਕ-ਵਚਨ ਨਾਲ has been ਅਤੇ ਬਹੁ-ਵਚਨ ਨਾਲ have been ਲੱਗਦਾ ਹੈ। Verb ਦੀ ਹਮੇਸ਼ਾ ਪਹਿਲੀ Form ਦੀ ਹੀ ਵਰਤੋਂ ਹੋਵੇਗੀ ਅਤੇ ਨਾਲ ing ਲੱਗੇਗਾ। ਸਮੇਂ ਦੇ ਮੁਤਾਬਿਕ since ਜਾਂ for ਦੀ ਵਰਤੋਂ ਵੀ ਲ਼ਾਜ਼ਮੀ ਹੋਵੇਗੀ।<br>**Since:- 2008/ January/ Monday/ Morning/ Evening etc.**<br>**For :- ten days/ three months/ two weeks/ four hours etc.**<br>**Subject + has/have been + 1st form of verb + ing + Predicate + since/for.** | **ਪਹਿਚਾਣ**: - ਇਸ ਵਿੱਚ ਵਾਕ ਦੇ ਪਿਛਲੇ ਕਿਸੇ ਸਮੇਂ ਤੋ ਸ਼ੁਰੂ ਹੋਣ ਦਾ ਪਤਾ ਲੱਗਦਾ ਹੈ ਜੋ ਪਿਛਲੇ ਸਮੇ ਵਿੱਚ ਹੀ ਖਤਮ ਹੋ ਚੁੱਕਾ ਹੈ। ਵਾਕ ਦੇ ਅੰਤ ਵਿੱਚ ਰਿਹਾ ਸੀ, ਰਹੀ ਸੀ, ਰਹੇ ਸੀ, ਰਹੇ ਸਨ, ਰਹੀਆਂ ਸਨ ਲੱਗਾ ਹੋਵੇਗਾ ਮਤਲਬ **subject** ਜੋ ਕੰਮ ਕਿਸੇ ਸਮੇ ਤੋਂ ਕਰ ਰਿਹਾ ਸੀ।<br>**Rule:** - ਇਕ-ਵਚਨ ਨਾਲ ਅਤੇ ਬਹੁ-ਵਚਨ ਨਾਲ had been ਹੀ ਲੱਗਦਾ ਹੈ। Verb ਦੀ ਹਮੇਸ਼ਾ ਪਹਿਲੀ Form ਦੀ ਹੀ ਵਰਤੋਂ ਹੋਵੇਗੀ ਅਤੇ ਨਾਲ ing ਲੱਗੇਗਾ। ਸਮੇਂ ਦੇ ਮੁਤਾਬਿਕ since ਜਾਂ for ਦੀ ਵਰਤੋਂ ਵੀ ਲ਼ਾਜ਼ਮੀ ਹੋਵੇਗੀ।<br>**Subject + had been + 1st form of verb + ing + Predicate + since/for.** | **ਪਹਿਚਾਣ**: - ਇਸ ਵਿੱਚ ਵਾਕ ਦੇ ਹੋਣ ਵਾਲੇ ਸਮੇ ਵਿਚ ਸ਼ੁਰੂ ਹੋਣ ਅਤੇ ਚੱਲਣ ਬਾਰੇ ਪਤਾ ਚੱਲਦਾ ਹੈ। ਵਾਕ ਦੇ ਅੰਤ ਵਿੱਚ ਰਿਹਾ ਹੋਵਾਂਗਾ, ਰਿਹਾ ਹੋਵੇਗਾ, ਰਹੀ ਹੋਵੇਗੀ, ਰਹੇ ਹੋਣਗੇ, ਰਹੀਆਂ ਹੋਣਗੀਆਂ ਲੱਗਾ ਹੋਵੇਗਾ ਮਤਲਬ **subject** ਜੋ ਕੰਮ ਕਿਸੇ ਦਿੱਤੇ ਹੋਏ ਸਮੇਂ ਤੋਂ ਕਰ ਰਿਹਾ ਹੋਵੇਗਾ।<br>**Rule:** - ਇਕ-ਵਚਨ ਨਾਲ ਅਤੇ ਬਹੁ-ਵਚਨ ਨਾਲ will have been ਹੀ ਲੱਗੇਗਾ। Verb ਦੀ ਹਮੇਸ਼ਾ ਪਹਿਲੀ Form ਦੀ ਹੀ ਵਰਤੋਂ ਹੋਵੇਗੀ ਅਤੇ ਨਾਲ ing ਲੱਗੇਗਾ। ਸਮੇਂ ਦੇ ਮੁਤਾਬਿਕ since ਜਾਂ for ਦੀ ਵਰਤੋਂ ਵੀ ਲ਼ਾਜ਼ਮੀ ਹੋਵੇਗੀ।<br>**Subject + will have been + 1st form of verb + ing + Predicate+since/for.** |

www.ghalkaan.in